# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 08 ਜੂਨ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡਾ. ਧਰਮਵੀਰ ਗਾਂਧੀ ਵੱਲੋਂ ਨਾਭਾ ਹਲਕੇ ਦੇ ਕਾਂਗਰਸੀ ਵਰਕਰਾਂ ਦਾ ਭਾਦਸੋਂ ਵਿਖੇ ਮਿਲਣੀ ਸਮਾਗਮ ਅਤੇ ਪੰਜਾਬੀ ਮੈਗਜ਼ੀਨ "ਗੁਸਈਆਂ" ਦਾ ਜੂਨ ਅੰਕ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਗੁਰਚਰਨ ਸਿੰਘ ਚੰਨ ਪਟਿਆਲਵੀ

ਪਟਿਆਲਾ 8 ਜੂਨ : ਸ. ਕੁਲਵੰਤ ਸਿੰਘ ਨਾਰੀਕੇ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ (ਦਿਹਾਤੀ)ਪਟਿਆਲਾ,ਪ੍ਰਧਾਨ ਸ਼੍ਰੀ ਬੇਗਮਪੁਰਾ ਮਿਸ਼ਨ (ਰਜਿ.) ਪੰਜਾਬ ਅਤੇ ਮੁੱਖ ਸੰਪਾਦਕ ਪੰਜਾਬੀ ਮੈਗਜ਼ੀਨ ਗੁਸਈਆਂ ਵੱਲੋਂ ਨਾਭਾ ਹਲਕੇ ਦੇ ਕਾਂਗਰਸੀ ਵਰਕਰਾਂ ਦੀ ਮਿਲਣੀ ਅਧੀਨ ਇੱਕ ਸਮਾਗਮ ਵਿਸ਼ਵਕਰਮਾ ਮੰਦਰ ਆਡੀਟੋਰੀਅਮ ਭਾਦਸੋਂ ਵਿਖੇ ਕਰਵਾਇਆ ਗਿਆ।



ਇਸ ਸਮਾਗਮ ਵਿੱਚ " ਪੰਜਾਬ ਦੇ ਮੌਜੂਦਾ ਹਾਲਾਤ "ਵਿਸ਼ੇ ਤੇ ਚਰਚਾ ਵੀ ਕਰਵਾਈ ਗਈ ਅਤੇ ਗੁਸਈਆਂ ਮੈਗਜ਼ੀਨ ਦਾ ਜੂਨ ਅੰਕ ਵੀ ਲੋਕ ਅਰਪਣ ਕੀਤਾ ਗਿਆ।ਮੁੱਖ ਮਹਿਮਾਨ ਅਤੇ ਮੁੱਖ ਵਕਤਾ ਵਜੋਂ ਡਾ. ਧਰਮਵੀਰ ਗਾਂਧੀ,ਮੈਂਬਰ ਲੋਕ ਸਭਾ ਹਲਕਾ ਪਟਿਆਲਾ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਗੁਰਚਰਨ ਸਿੰਘ ਚੰਨ ਪਟਿਆਲਵੀ ਜਨਰਲ ਸਕੱਤਰ ਸ੍ਰੀ ਬੇਗਮਪੁਰਾ ਮਿਸ਼ਨ ਵੱਲੋਂ ਨਿਭਾਈ ਗਈ।ਉੱਘੇ ਸ਼ਾਇਰ ਦਰਸ਼ ਪਸਿਆਣਾ ਵੱਲੋਂ ਗੁਰੂ ਰਵਿਦਾਸ ਜੀ ਦੀ ਕਵਿਤਾ ਸੁਣਾ ਕੇ ਸਮਾਗਮ ਦਾ ਆਗਾਜ਼ ਕੀਤਾ।ਕੁਲਵੰਤ ਸਿੰਘ ਨਾਰੀਕੇ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਉਹ ਪਿਛਲੇ ਚਾਰ ਦਹਾਕਿਆਂ ਤੋਂ ਸਿਆਸਤ ਵਿੱਚ ਸਰਗਰਮ ਹਨ। ਜਿਸ ਵਿੱਚ ਸਭ ਤੋਂ ਵੱਧ ਸੇਵਾ ਉਨ੍ਹਾਂ ਨੇ ਕਾਂਗਰਸ ਪਾਰਟੀ ਵਿੱਚ ਕੀਤੀ।ਉਨ੍ਹਾਂ ਕਿਹਾ ਕਿ ਉਹ 2006 ਤੋਂ ਸ੍ਰੀ ਬੇਗਮਪੁਰਾ ਮਿਸ਼ਨ ਚਲਾ ਰਹੇ ਹਨ ਜਿਸਦਾ ਮੁੱਖ ਮੰਤਵ ਸਮਾਜ ਵਿੱਚ ਬਰਾਬਰਤਾ ਲਿਆਉਣ ਲਈ ਲੋਕਾਈ ਦਾ ਆਰਥਿਕ, ਸਮਾਜਿਕ, ਵਿਦਿਅਕ ਅਤੇ ਸੱਭਿਆਚਾਰਕ ਉਥਾਨ ਕਰਨਾ ਹੈ।2008 ਤੋਂ ਉਹ ਲਗਾਤਾਰ ਪੰਜਾਬੀ ਮਹੀਨਾਵਾਰ ਮੈਗਜ਼ੀਨ "ਗੁਸਈਆਂ" ਚਲਾ ਕੇ ਪੰਜਾਬ ਤੇ ਪੰਜਾਬੀਅਤ ਦੀ ਸੇਵਾ ਕਰ ਹਨ। ਉਨ੍ਹਾਂ ਨੇ ਸਮਾਗਮ ਵਿੱਚ ਸ਼ਿਰਕਤ ਕਰਨ ਅਤੇ ਸਫਲ ਬਣਾਉਣ ਲਈ ਲਈ ਸਭ ਦਾ ਧੰਨਵਾਦ ਕੀਤਾ।

ਡਾ. ਧਰਮਵੀਰ ਗਾਂਧੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਕੁਲਵੰਤ ਸਿੰਘ ਨਾਰੀਕੇ ਪਿਛਲੇ ਚਾਲੀ ਸਾਲਾਂ ਤੋਂ ਸਮਤਲ ਸਮਾਜ ਬਣਾਉਣ ਲਈ ਅਤੇ ਸਮਾਜ ਵਿੱਚ ਸਮਾਜਿਕ ਚੇਤਨਾ ਲਿਆਉਣ ਲਈ ਸਰਗਰਮ ਹਨ।ਕਾਂਗਰਸ ਪਾਰਟੀ ਵਿੱਚ ਅਜਿਹੇ ਅਣਥੱਕ ਅਤੇ ਇਮਾਨਦਾਰ ਲੀਡਰਾਂ ਨੂੰ ਨਾਭਾ ਹਲਕੇ ਵਿੱਚ ਅੱਗੇ ਲਿਆਉਣ ਦੀ ਲੋੜ ਹੈ।

ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਮੌਜੂਦਾ ਸਰਕਾਰ ਨੇ ਪੰਜਾਬ ਨੂੰ ਕਰਜ਼ਾ ਮੁਕਤ ਕਰਨ ਦਾ ਵਾਅਦਾ ਕਰਕੇ ਕਰਜ਼ਾ ਯੁਕਤ ਰਾਜ ਬਣਾ ਦਿੱਤਾ ਹੈ।ਚਾਰ ਲੱਖ ਕਰੋੜ ਤੋਂ ਜ਼ਿਆਦਾ ਪੰਜਾਬ ਤੇ ਕਰਜ਼ਾ ਚੜ੍ਹ ਚੁੱਕਾ ਹੈ।ਇਸ ਲਈ ਸੱਤਾ ਦੀ ਤਬਦੀਲੀ ਕਰਕੇ, ਕਾਂਗਰਸ ਪਾਰਟੀ ਨੂੰ ਅੱਗੇ ਲਿਆ ਕੇ ਪੰਜਾਬ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕਦਾ ਹੈ।ਲੋਕਾਂ ਦੀ ਸੱਤਾ ਸਥਾਪਤ ਕਰਕੇ ਪੰਜਾਬ ਦੀ ਧਰਤੀ ਨੂੰ ਸਵਰਗ ਬਣਾਇਆ ਜਾ ਸਕਦਾ ਹੈ।

ਸਮਾਗਮ ਨੂੰ ਸਰਵ ਸ਼੍ਰੀ ਗੋਪਾਲ ਸਿੰਗਲਾ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ (ਸ਼ਹਿਰੀ) ਪਟਿਆਲਾ,ਅਮਰਜੀਤ ਸਿੰਘ ਘੱਗਾ ਮੀਤ ਪ੍ਰਧਾਨ (ਦਿਹਾਤੀ) ਪਟਿਆਲਾ,ਪ੍ਰੋਫੈਸਰ ਜਸਵੰਤ ਸਿੰਘ ਪੀ. ਏ. ਡਾ. ਗਾਂਧੀ, ਅਵਤਾਰ ਸਿੰਘ ਨੰਨ੍ਹੜੇ,ਪ੍ਰਧਾਨ ਆਲ ਇੰਡੀਆ ਕੰਬਾਈਨ ਐਸੋਸੀਏਸ਼ਨ,ਅਜ਼ਮੀਲ ਖਾਨ ਜਨਰਲ ਸਕੱਤਰ ਘੱਟਗਿਣਤੀ ਸੈੱਲ ਕਾਂਗਰਸ ਪਾਰਟੀ ਪੰਜਾਬ ਨੇ ਵੀ ਸੰਬੋਧਨ ਕੀਤਾ।

ਸਮਾਗਮ ਵਿੱਚ ਸਤਨਾਮ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ,ਡਾ. ਸੁਰਿੰਦਰ ਭਾਰਤਵਾਜ,ਵਿਜੇਪਾਲ ਗਰੇਵਾਲ,ਭਗਵੰਤ ਸਿੰਘ ਬੁੱਗਾ,ਮਨਦੀਪ ਖਰੌੜ,ਜਤਿਨ ਭਾਦਸੋਂ,ਕਰਮ ਸਿੰਘ ਲੌਂਹਟ,ਰਾਜਪਾਲ ਸਿੰਘ ਟਿਵਾਣਾ,ਰਮਣੀਕ ਸਿੰਘ ਰਮਨੀ,ਜਸਵੀਰ ਸਿੰਘ,ਹਰਬੰਸ ਮੱਲ੍ਹੇਵਾਲ,ਪ੍ਰਿੰਸੀਪਲ ਜਗਰੂਪ ਸਿੰਘ, ਸੁਪਰਡੈਂਟ ਅਜੈਬ ਸਿੰਘ,ਸੁਖਦੇਵ ਸਿੰਘ ਗੋਬਿੰਦਪੁਰਾ,ਕਰਨੈਲ ਸਿੰਘ ਸਕਰਾਲੀ,ਦਰਸ਼ਨ ਸਿੰਘ ਸਿੱਧੂ,ਗੁਰਬਚਨ ਸਿੰਘ ਮਟੌਰੜਾ,ਹੰਸ ਰਾਜ ਜੇਈ,ਗੁਰਕੀਰਤ ਸਿੰਘ ਸਕਰਾਲੀ,ਆਦਿ ਸਖਸੀਅਤਾਂ ਵੀ ਹਾਜ਼ਰ ਸਨ।

## ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਟਰੇਡਰਜ ਕਮਿਸ਼ਨ ਦੀ ਸਮੀਖਿਆ ਮੀਟਿੰਗ

### ਵਪਾਰੀਆਂ ਦੀਆਂ ਸ਼ਿਕਾਇਤਾਂ ਦੇ ਸਮਾਂਬੱਧ ਨਿਪਟਾਰੇ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ ਸਬੰਧਤ ਵਿਭਾਗ – ਡਾ. ਹਿਮਾਂਸ਼ੂ ਅਗਰਵਾਲ

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਵਪਾਰੀਆਂ ਦੀਆਂ ਮੀਟਿੰਗਾਂ ਕਰਨਗੇ: ਗੁਰਪ੍ਰੀਤ ਧਮੋਲੀ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 8 ਜੂਨ:ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪੰਜਾਬ ਰਾਜ ਟ੍ਰੇਡਰਜ਼ ਕਮਿਸ਼ਨ ਦੇ ਮੈਂਬਰਾਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਵਪਾਰੀਆਂ ਦੀਆਂ ਸਾਰੀਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਯਕੀਨੀ ਬਣਾਉਣ ਲਈ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਕਮਿਸ਼ਨ ਦੇ ਵਾਈਸ ਚੇਅਰਮੈਨ ਗੁਰਪ੍ਰੀਤ ਸਿੰਘ ਧਮੌਲੀ ਤੇ ਹੋਰ ਮੈਂਬਰ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਨਿਰਧਾਰਤ ਪੋਰਟਲ 'ਤੇ ਲਗਾਤਾਰ ਨਿਗਰਾਨੀ ਰੱਖਣ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਆਉਣ ਵਾਲੀਆਂ ਸ਼ਿਕਾਇਤਾਂ ਦਾ ਸੱਤ ਦਿਨਾਂ ਦੇ ਅੰਦਰ ਪੂਰੀ ਤਰ੍ਹਾਂ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਿਕਾਇਤ ਦੇ ਨਿਪਟਾਰੇ ਉਪਰੰਤ ਸਬੰਧਤ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਸ਼ਿਕਾਇਤ ਕਰਤਾ ਨੂੰ ਤਸੱਲੀ ਹੋ ਜਾਵੇ।



ਉਨ੍ਹਾਂ ਕਿਹਾ ਕਿ ਜੇਕਰ ਕਿਸੇ ਅਧਿਕਾਰੀ ਨੇ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਦੇਰੀ ਕੀਤੀ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਮੁਤਾਬਕ ਵਪਾਰਕ ਭਾਈਚਾਰੇ ਨਾਲ ਮਜ਼ਬੂਤ ਸੰਚਾਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਪਾਰੀਆਂ ਦੀਆਂ ਸ਼ਿਕਾਇਤਾਂ ਦੇ ਸਮਾਂਬੱਧ ਨਿਪਟਾਰੇ ਲਈ ਆਪਸੀ ਤਾਲਮੇਲ ਨਾਲ ਕੰਮ ਕਰਨਾ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਗੁਰਪ੍ਰੀਤ ਸਿੰਘ ਧਮੌਲੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਗਲੇ ਹਫ਼ਤੇ ਤੋਂ ਵਪਾਰੀਆਂ ਨਾਲ ਹੋਣ ਵਾਲੀਆਂ ਮੀਟਿੰਗਾਂ ਦੀ ਨਿੱਜੀ ਤੌਰ 'ਤੇ ਪ੍ਰਧਾਨਗੀ ਕਰਦਿਆਂ ਸ਼ਿਕਾਇਤ ਨਿਵਾਰਨ ਪ੍ਰਣਾਲੀ ਨੂੰ ਹੋਰ ਤੇਜ਼ ਅਤੇ ਮਜ਼ਬੂਤ ਕਰਨਗੇ।


ਮੀਟਿੰਗ ਦੌਰਾਨ ਏਡੀਸੀ (ਜ) ਅਨੁਪ੍ਰਿਤਾ ਜੌਹਲ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਵਚਨਬੱਧ ਹੈ। ਇਸ ਮੌਕੇ ਕਮਿਸ਼ਨ ਦੇ ਵੱਖ-ਵੱਖ ਮੈਂਬਰਾਂ ਨੇ ਜ਼ਮੀਨੀ ਪੱਧਰ ਦੀ ਫੀਡਬੈਕ ਅਤੇ ਵਿਚਾਰ ਵੀ ਸਾਂਝੇ ਕੀਤੇ।

ਇਸ ਮੀਟਿੰਗ ਵਿੱਚ ਟਿੰਕੂ ਬਾਂਸਲ ਹਲਕਾ ਚੇਅਰਮੈਨ ਰਾਜਪੁਰਾ, ਦੁਰਗਾ ਦਾਸ ਹਲਕਾ ਚੇਅਰਮੈਨ ਪਾਤੜਾਂ, ਕੀਰਤ ਸੇਹਰਾ ਮੈਂਬਰ ਹਲਕਾ ਘਨੌਰ, ਵਿਨੋਦ ਸਿੰਗਲਾ, ਪੁਨੀਤ ਬੁੱਧੀਰਾਜਾ ਅਤੇ ਵੇਦ ਪ੍ਰਕਾਸ਼ ਗਰਗ ਸਮੇਤ ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ, ਡੀ ਐਸ ਪੀ ਨੇਹਾ ਅਗਰਵਾਲ, ਸਹਾਇਕ ਕਮਿਸ਼ਨਰ ਜੀਐਸਟੀ ਗੁਰਸਿਮਰਨ ਕੌਰ, ਡੀਡੀਪੀਓ ਮਹਿੰਦਰਜੀਤ ਸਿੰਘ, ਸਾਰੇ ਕਾਰਜ ਸਾਧਕ ਅਫ਼ਸਰ ਤੇ ਵੱਖ-ਵੱਖ ਵਿਭਾਗਾਂ ਦੇ ਹੋਰ ਅਧਿਕਾਰੀ ਮੌਜੂਦ ਸਨ।

## ਗੈਂਟ (ਬੈਲਜੀਅਮ) ਵਿਖੇ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਇਆ ਗਿਆ; ਦੋ ਇਤਿਹਾਸਕ ਪੁਸਤਕਾਂ ਰਿਲੀਜ਼-ਭਾਈ ਮਨਜੋਤ ਸਿੰਘ

ਵਰਲਡ ਪੰਜਾਬੀ ਟਾਈਮਜ਼ ਰਸ਼ਪਿੰਦਰ ਕੌਰ ਗਿੱਲ

ਗੈਂਟ, ਬੈਲਜੀਅਮ-8 ਜੂਨ : ਗੁਰਦੁਆਰਾ ਮਾਤਾ ਸਾਹਿਬ ਕੌਰ ਗੈਂਟ (ਬੈਲਜੀਅਮ) ਵਿਖੇ ਸਿੱਖ ਜਥੇਬੰਦੀਆਂ ਅਤੇ ਸਮੂਹ ਸਾਧ ਸੰਗਤ ਵੱਲੋਂ 7 ਜੂਨ ਨੂੰ ਜੂਨ 1984 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਮੌਕੇ ਸ਼ਹੀਦਾਂ ਦੀ ਯਾਦ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਕਵੀਸ਼ਰ ਭਾਈ ਤਰਸੇਮ ਸਿੰਘ ਜੋਸ਼ ਅਤੇ ਬਾਬਾ ਬਲਵਿੰਦਰ ਸਿੰਘ ਵੱਲੋਂ ਬੀਰ-ਰਸੀ ਕਵੀਸ਼ਰੀ ਵਾਰਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਸਮੂਹ ਸੰਗਤ ਨੇ ਸ਼ਹੀਦਾਂ ਦੇ ਚਰਨਾਂ ਵਿੱਚ ਸ਼ਰਧਾ ਦੇ ਫੁੱਲ ਅਰਪਿਤ ਕੀਤੇ।




ਸਮਾਗਮ ਦੌਰਾਨ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਭਾਈ ਮਨਜੋਤ ਸਿੰਘ ਭੂਰਾ ਨੇ ਕਿਹਾ ਕਿ ਸਮੂਹ ਸਾਧ ਸੰਗਤ ਨੂੰ ਸ਼ਹੀਦਾਂ ਦੀ ਯਾਦ ਵਿੱਚ ਇਕੱਠੇ ਹੋ ਕੇ ਹਰ ਸਾਲ 1 ਤੋਂ 10 ਜੂਨ ਤੱਕ ਸ਼ਹੀਦੀ ਸਮਾਗਮ ਕਰਵਾਉਣੇ ਚਾਹੀਦੇ ਹਨ। ਉਨ੍ਹਾਂ ਨੇ ਸਿੱਖ ਬੱਚਿਆਂ ਨੂੰ ਆਪਣੇ ਅਮੀਰ ਇਤਿਹਾਸ ਅਤੇ ਸਾਹਿਤ (ਲਿਟਰੇਚਰ) ਨਾਲ ਜੋੜਨ ਦੀ ਅਪੀਲ ਵੀ ਕੀਤੀ। ਭਾਈ ਭੂਰਾ ਨੇ ਅੱਗੇ ਕਿਹਾ ਕਿ ਭਾਰਤੀ ਹਕੂਮਤ ਵੱਲੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਧਾਮਾਂ 'ਤੇ ਫ਼ੌਜ ਚਾੜ੍ਹ ਕੇ ਜੋ ਅਤਿਆਚਾਰ ਕੀਤਾ ਗਿਆ ਸੀ, ਉਸ ਦੀ ਸੱਚੀ ਤੇ ਸੁੱਚੀ ਸ਼ਰਧਾਂਜਲੀ ਅਤੇ ਇਨਸਾਫ਼ ਸਿਰਫ਼ 'ਖਾਲਿਸਤਾਨ' ਦੀ ਪ੍ਰਾਪਤੀ ਨਾਲ ਹੀ ਸੰਭਵ ਹੈ, ਜੋ ਕਿ 20ਵੀਂ ਸਦੀ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਬਚਨ ਸਨ।


ਇਸ ਪ੍ਰੋਗਰਾਮ ਦੌਰਾਨ ਦੋ ਇਤਿਹਾਸਕ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਪਹਿਲੀ ਪੁਸਤਕ "ਸਿੱਦਕੀ ਤੇ ਸੰਘਰਸ਼ੀ" ਪੇਸ਼ ਕੀਤੀ ਗਈ, ਜਿਸ ਦੇ ਲੇਖਕ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਸੰਪਾਦਕ ਬੀਬੀ ਰਸ਼ਪਿੰਦਰ ਕੌਰ ਗਿੱਲ ਹਨ। ਦੂਜੀ ਪੁਸਤਕ "ਤਵਾਰੀਖ ਬੱਬਰ ਖਾਲਸਾ" ਰਿਲੀਜ਼ ਕੀਤੀ ਗਈ, ਜਿਸ ਨੂੰ ਕਰਮਜੀਤ ਸਿੰਘ ਸਿੱਖਾਂਵਾਲਾ ਵੱਲੋਂ ਸੰਪਾਦਿਤ ਕੀਤਾ ਗਿਆ ਹੈ।

ਸਮਾਗਮ ਦੇ ਅਖੀਰ ਵਿੱਚ ਭਾਈ ਗੁਰਦਿਆਲ ਸਿੰਘ ਢਕਾਣਸੂ ਅਤੇ ਭਾਈ ਮਨਜੋਤ ਸਿੰਘ ਭੂਰਾ ਵੱਲੋਂ ਸਮੂਹ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ।

## ਪੀਏਯੂ ਵਿਚ ਵਿਸ਼ਵ ਖੁਰਾਕ ਸੁਰੱਖਿਆ ਦਿਵਸ ਮੌਕੇ ਸੋਇਆਬੀਨ ਬਾਰੇ ਕਿਤਾਬਚਾ ਜਾਰੀ ਹੋਇਆ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 8 ਜੂਨ : ਵਿਸ਼ਵ ਖੁਰਾਕ ਸੁਰੱਖਿਆ ਦਿਵਸ ਦੇ ਮੌਕੇ ਪੀ ਏ ਯੂ ਨੇ ਸੋਇਆਬੀਨ ਦੀ ਸਫਲ ਕਾਸ਼ਤ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਸਿਰਲੇਖ ਵਾਲੇ ਕਿਤਾਬਚੇ ਨੂੰ ਜਾਰੀ ਕਰਨ ਲਈ ਸਕੂਲ ਆਫ਼ ਬਿਜ਼ਨਸ ਸਟੱਡੀਜ਼ ਅਤੇ ਪਲਾਂਟ ਬ੍ਰੀਡਿੰਗ ਅਤੇ ਜੈਨੇਟਿਕਸ ਵਿਭਾਗ ਵੱਲੋਂ ਸਾਂਝਾ ਸਮਾਗਮ ਕਰਾਇਆ ਗਿਆ। ਇਸ ਸਮਾਗਮ ਨੂੰ ਪੀਏਯੂ ਦੇ ਵਾਈਸ-ਚਾਂਸਲਰ ਡਾ. ਸਤਿਬੀਰ ਸਿੰਘ ਗੋਸਲਅਤੇ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵਵਿਦਿਆਲਾ ਪਾਲਮਪੁਰ ਦੇ ਸਾਬਕਾ ਵਾਈਸ-ਚਾਂਸਲਰ ਡਾ. ਐਚ.ਕੇ. ਚੌਧਰੀ ਦੀ ਮੌਜੂਦਗੀ ਨੇ ਸੁਸ਼ੋਭਿਤ ਕੀਤਾ।



ਇਹ ਕਿਤਾਬਚਾ ਸੋਇਆਬੀਨ ਨੂੰ ਭਵਿੱਖ ਦੀ ਸੁਨਹਿਰੀ ਫ਼ਸਲ ਵਜੋਂ ਉਜਾਗਰ ਕਰਦਾ ਹੈ ਅਤੇ ਪੰਜਾਬ ਵਿੱਚ ਸੋਇਆਬੀਨ ਦੀ ਕਾਸ਼ਤ ਦੇ ਮੌਜੂਦਾ ਦ੍ਰਿਸ਼ ਨੂੰ ਪੇਸ਼ ਕਰਦਾ ਹੈ। ਇਹ ਟੋਫੂ, ਸੋਇਆ ਦੁੱਧ, ਅਤੇ ਤਿਆਰ ਸੁਆਦ ਵਾਲੇ ਪੀਣ ਵਾਲੇ ਪਦਾਰਥਾਂ ਵਰਗੇ ਮੁੱਲ-ਵਰਧਿਤ ਸੋਇਆ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਮੰਡੀਕਰਨ ਵਿੱਚ ਲੱਗੇ ਖੇਤੀਬਾੜੀ ਉੱਦਮੀਆਂ ਦੀਆਂ ਪ੍ਰੇਰਨਾਦਾਇਕ ਸਫਲਤਾ ਕਹਾਣੀਆਂ ਨੂੰ ਵੀ ਪ੍ਰਦਰਸ਼ਿਤ ਕਰਦਾ ਹੈ। ਇਸਦੇ ਪ੍ਰਕਾਸ਼ਨ ਦਾ ਉਦੇਸ਼ ਕਿਸਾਨਾਂ, ਉੱਦਮੀਆਂ, ਵਿਦਿਆਰਥੀਆਂ ਅਤੇ ਖਪਤਕਾਰਾਂ ਨੂੰ ਸੋਇਆਬੀਨ ਦੀ ਕਾਸ਼ਤ, ਪ੍ਰੋਸੈਸਿੰਗ, ਮੁੱਲ ਵਾਧੇ ਅਤੇ ਮਾਰਕੀਟਿੰਗ ਸੰਭਾਵਨਾ ਬਾਰੇ ਵਿਹਾਰਕ ਸੂਝ ਪ੍ਰਦਾਨ ਕਰਨਾ ਹੈ।

ਇਸ ਮੌਕੇ ਵਾਈਸ ਚਾਂਸਲਰ ਡਾ.ਸਤਿਬੀਰ ਸਿੰਘ ਗੋਸਲ ਨੇ ਭੋਜਨ ਅਤੇ ਪੋਸ਼ਣ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਸੋਇਆਬੀਨ ਦੀ ਸਾਰਥਕਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਵਿਸ਼ਵ ਖੁਰਾਕ ਸੁਰੱਖਿਆ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਸੁਰੱਖਿਅਤ ਅਤੇ ਪੌਸ਼ਟਿਕ ਭੋਜਨ ਸਿਹਤਮੰਦ ਸਮਾਜ ਦੀ ਨੀਂਹ ਹੈ। ਉਨ੍ਹਾਂ ਕਿਹਾ ਕਿ ਸੋਇਆਬੀਨ ਗੁਣਵੱਤਾ ਵਾਲੇ ਪ੍ਰੋਟੀਨ, ਪੌਸ਼ਟਿਕ ਅਮੀਰੀ ਅਤੇ ਪ੍ਰੋਸੈਸਿੰਗ ਬਹੁਵੰਨਤਾ ਦਾ ਸ਼ਾਨਦਾਰ ਸੁਮੇਲ ਹੈ। ਵਿਗਿਆਨਕ ਤੌਰ 'ਤੇ ਤਿਆਰ ਕੀਤੇ ਅਤੇ ਸੁਰੱਖਿਅਤ ਢੰਗ ਨਾਲ ਪ੍ਰੋਸੈਸ ਕੀਤੇ ਸੋਇਆਬੀਨ ਉਤਪਾਦਾਂ ਨੂੰ ਉਤਸ਼ਾਹਿਤ ਕਰਨਾ ਲਾਹੇਵੰਦ ਭੋਜਨ, ਬਿਹਤਰ ਸਿਹਤ ਅਤੇ ਟਿਕਾਊ ਖੇਤੀਬਾੜੀ-ਭੋਜਨ ਪ੍ਰਣਾਲੀਆਂ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ।

ਡਾ. ਐਚ.ਕੇ. ਚੌਧਰੀ ਨੇ ਸੋਇਆਬੀਨ ਅਤੇ ਇਸਦੇ ਉਤਪਾਦਾਂ ਦੇ ਪੋਸ਼ਣ ਅਤੇ ਸਿਹਤ ਲਾਭਾਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਸੋਇਆਬੀਨ ਪ੍ਰੋਟੀਨ ਦੇ ਸਭ ਤੋਂ ਅਮੀਰ ਪੌਦਿਆਂ-ਅਧਾਰਤ ਸਰੋਤਾਂ ਵਿੱਚੋਂ ਇੱਕ ਹੈ ਅਤੇ ਇਸ ਵਿੱਚ ਜ਼ਰੂਰੀ ਅਮੀਨੋ ਐਸਿਡ, ਸਿਹਤਮੰਦ ਫੈਟ ਅਤੇ ਲਾਭਦਾਇਕ ਬਾਇਓਐਕਟਿਵ ਮਿਸ਼ਰਣ ਹੁੰਦੇ ਹਨ। ਸੋਇਆਬੀਨ-ਅਧਾਰਤ ਉਤਪਾਦਾਂ ਜਿਵੇਂ ਕਿ ਟੋਫੂ ਅਤੇ ਸੋਇਆ ਦੁੱਧ ਦਾ ਨਿਯਮਤ ਸੇਵਨ ਦਿਲ ਦੀ ਸਿਹਤ ਨੂੰ ਬਿਹਤਰ ਅਤੇ ਖੁਰਾਕ ਦੀ ਗੁਣਵੱਤਾ ਵਿੱਚ ਸੁਧਾਰ ਕਰ ਸਕਦਾ ਹੈ ਅਤੇ ਆਮ ਲੋਕਾਈ ਲਈ ਕਿਫਾਇਤੀ ਪ੍ਰੋਟੀਨ ਸਰੋਤ ਪ੍ਰਦਾਨ ਕਰ ਸਕਦਾ ਹੈ।

ਡਾ. ਸੁਰਿੰਦਰ ਸੰਧੂ ਮੁਖੀ, ਪਲਾਂਟ ਬ੍ਰੀਡਿੰਗ ਅਤੇ ਜੈਨੇਟਿਕਸ ਵਿਭਾਗ, ਨੇ ਕਿਹਾ ਕਿ ਫ਼ਸਲੀ ਵਿਭਿੰਨਤਾ ਅਤੇ ਪੋਸ਼ਣ ਪੱਖੋਂ ਸੋਇਆਬੀਨ ਦੀਆਂ ਵਧੀਆ ਕਿਸਮਾਂ ਦਾ ਵਿਕਾਸ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਵਿਗਿਆਨਕ ਤਰੀਕਿਆਂ ਨਾਲ ਕਾਸ਼ਤ ਕਰਕੇ ਕਿਸਾਨਾਂ ਦੀ ਆਮਦਨ ਨੂੰ ਮਜ਼ਬੂਤ ਅਤੇ ਗੁਣਵੱਤਾ ਵਾਲੇ ਸੋਇਆਬੀਨ-ਅਧਾਰਤ ਉਤਪਾਦਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਡਾ. ਰਮਨਦੀਪ ਸਿੰਘ, ਡਾਇਰੈਕਟਰ, ਸਕੂਲ ਆਫ਼ ਬਿਜ਼ਨਸ ਸਟੱਡੀਜ਼, ਨੇ ਇਸ ਮੌਕੇ ਕਿਹਾ ਕਿ ਖਪਤਕਾਰਾਂ ਦੀ ਪਹਿਲ ਤੇਜ਼ੀ ਨਾਲ ਸਿਹਤਮੰਦ ਅਤੇ ਪ੍ਰੋਟੀਨ ਭਰਪੂਰ ਭੋਜਨ ਵੱਲ ਬਦਲ ਰਹੀ ਹੈ। ਸੋਇਆਬੀਨ-ਅਧਾਰਤ ਉਤਪਾਦ ਖੇਤੀਬਾੜੀ ਉਦਯੋਗਪਤੀਆਂ ਲਈ ਵਿਕਸਤ ਹੋ ਰਹੀਆਂ ਬਾਜ਼ਾਰ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਬਹੁਤ ਜ਼ਿਆਦਾ ਮੌਕੇ ਪ੍ਰਦਾਨ ਕਰਦੇ ਹਨ। ਸੋਇਆਬੀਨ ਦੀ ਪੂਰੀ ਵਪਾਰਕ ਸੰਭਾਵਨਾ ਨੂੰ ਉਜਾਗਰ ਕਰਨ ਲਈ ਮੁੱਲ ਲੜੀ, ਬ੍ਰਾਂਡਿੰਗ ਅਤੇ ਮਾਰਕੀਟ ਲਿੰਕੇਜ ਨੂੰ ਮਜ਼ਬੂਤ ਕਰਨਾ ਮਹੱਤਵਪੂਰਨ ਹੋਵੇਗਾ।

ਦਾਲਾਂ ਦੇ ਪ੍ਰਮੁੱਖ ਬਰੀਡਰ ਡਾ. ਬੀ.ਐਸ. ਗਿੱਲ ਨੇ ਕਿਹਾ ਕਿ ਸੋਇਆਬੀਨ ਵਿੱਚ ਪੰਜਾਬ ਦੇ ਫਸਲੀ ਚੱਕਰ ਵਿਚ ਭਿੰਨਤਾ ਪੈਦਾ ਕਰਨ ਦੀ ਅਥਾਹ ਸੰਭਾਵਨਾ ਰੱਖਦਾ ਹੈ। ਇਹ ਮੁੱਲ ਵਾਧੇ ਅਤੇ ਪ੍ਰੋਸੈਸਿੰਗ ਰਾਹੀਂ ਜ਼ਮੀਨ ਦੀ ਸਿਹਤ, ਪੌਸ਼ਟਿਕ ਸੁਰੱਖਿਆ ਅਤੇ ਖੇਤੀ ਮੁਨਾਫ਼ੇ ਵਿੱਚ ਯੋਗਦਾਨ ਪਾ ਸਕਦਾ ਹੈ।

ਡਾ. ਨਵਨੀਤ ਕੌਰ ਗਿੱਲ ਨੇ ਕਿਹਾ ਕਿ ਇਹ ਕਿਤਾਬਚਾ ਖੇਤੀ ਉੱਦਮ ਦਾ ਮਾਡਲ ਪੇਸ਼ ਕਰਕੇ ਉਤਪਾਦਨ ਅਤੇ ਮੰਡੀ ਦੇ ਮੌਕਿਆਂ ਵਿਚਕਾਰ ਪਾੜੇ ਨੂੰ ਪੂਰਦਾ ਹੈ।

# ਵਿਸ਼ਵ ਅਮਨ ਦਾ ਹੋਕਾ- ਬਰਦਾਰ ਸੀ ਪੰਜਾਬੀ ਲੇਖਕ ਸ. ਤੇਰਾ ਸਿੰਘ ਚੰਨ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਨਵੀਂ ਦਿੱਲੀ ਦੇ ਬਾਰਾਂਖੰਭਾ ਰੋਡ ਤੇ ਪਹਿਲੀ ਵਾਰ ਸ. ਪਿਆਰਾ ਸਿੰਘ ਸਹਿਰਾਈ ਤੇ ਸ. ਗੁਰਬਚਨ ਸਿੰਘ ਭੁੱਲਰ ਜੀ ਦੇ ਮੂੰਹੋ ਪਹਿਲੀ ਵਾਰ "ਚੰਨ ਜੀ" ਸ਼ਬਦ ਸੁਣਿਆ। ਨਾਲ ਹੀ ਦਰਸ਼ਨ ਕੀਤੇ। ਦਰਸ਼ਨੀ ਚਿਹਰਾ ਵੇਖ ਕੇ ਪੁੱਛਿਆ ਕਿ ਇਹ ਕੌਣ ਨੇ? ਸਹਿਰਾਈ ਜੀ ਨੇ ਦੱਸਿਆ ਕਿ ਇਹ ਪੰਜਾਬ ਵਿੱਚ ਵਿਸ਼ਵ ਅਮਨ ਲਹਿਰ ਦੇ ਨਾਇਕ ਤੇਰਾ ਸਿੰਘ ਚੰਨ ਹਨ, ਇਪਟਾ ਲਹਿਰ ਦੇ ਆਗੂ। ਮੇਰੀ ਇਹ ਮੁਲਾਕਾਤ 1975-76 ਦੀ ਹੈ। ਜਾਗੀਰ ਸਿੰਘ ਕਾਹਲੋਂ ਤੇ ਮੈਂ ਇਕੱਠੇ ਗਏ ਸਾਂ ਸਹਿਰਾਈ ਜੀ ਤੇ ਭੁੱਲਰ ਸਾਹਿਬ ਨੂੰ ਮਿਲਣ। ਉਹ ਉਦੋਂ 4, ਅਸ਼ੋਕਾ ਰੋਡ ਤੇ ਏ ਕੇ ਗੋਪਾਲਨ ਜੀ ਦੀ ਕੋਠੀ ਵਿੱਚ ਰਹਿ ਕੇ ਪੀਜੈਂਟ ਐਂਡ ਲੇਬਰ ਮੈਗਜ਼ੀਨ ਲਈ ਕੰਮ ਕਰਦਾ ਹੁੰਦਾ ਸੀ। ਬਾਲ ਸਖਾ ਸਾਥੀ ਹੋਣ ਕਾਰਨ ਜਾਗੀਰ ਸਾਡੀ ਸਰਬ ਸਾਂਝੀ ਜਾਗੀਰ ਸੀ।
ਬਚਪਨ ਵਿੱਚ ਅਮਰਜੀਤ ਗੁਰਦਾਸਪੁਰੀ ਜੀ ਦੇ ਕੰਠ ਤੋਂ ਅਸੀਂ ਚੰਨ ਜੀ ਦਾ ਗੀਤ" ਕਾਂਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ " ਅਕਸਰ ਸੁਣਦੇ ਸਾਂ। "ਹੇ ਪਿਆਰੀ ਭਾਰਤ ਮਾਂ" ਸਕੂਲ ਵਿੱਚ ਸਵੇਰ ਦੀ ਪ੍ਰਾਰਥਨਾ ਵਾਂਗ ਗਾਉਂਦੇ ਸਾਂ।

ਯੁਵਕ ਕੇਂਦਰ ਦੀ ਪ੍ਰਕਾਸ਼ਨਾ " ਬੋਲ ਸ਼ਹੀਦਾਂ ਦੇ" ਵਿੱਚ ਸ਼ਹੀਦ ਭਗਤ ਸਿੰਘ ਦੀ ਵਾਰ
ਅਜੇ ਕੱਲ੍ਹ ਦੀ ਗੱਲ ਹੈ ਸਾਥੀਓ, ਕੋਈ ਨਹੀਂ ਪੁਰਾਣੀ।
ਜਦ ਜਕੜੀ ਸੀ ਪਰਦੇਸੀਆਂ ਇਹ ਹਿੰਦ ਨਿਮਾਣੀ।
ਤੇ ਘਰ ਘਰ ਗੋਰੇ ਜ਼ੁਲਮ ਦੀ ਤੁਰ ਪਈ ਕਹਾਣੀ।
ਉਦੋਂ ਉੱਠਿਆਂ ਸ਼ੇਰ ਪੰਜਾਬ ਦਾ ਸੰਗ ਲੈ ਕੇ ਹਾਣੀ।
ਵੀ ਤੇਰਾ ਸਿੰਘ ਚੰਨ ਜੀ ਦੀ ਹੀ ਅਮਰ ਰਚਨਾ ਸੀ।

ਉਨ੍ਹਾਂ ਬਾਰੇ ਹੋਰ ਜਾਨਣ ਦੀ ਭੁੱਖ ਜਾਗੀ ਤਾਂ ਪਤਾ ਲੱਗਾ ਕਿ ਗਿਆਨੀ ਹੀਰਾ ਸਿੰਘ ਦਰਦ, ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਦੇ ਨਾਲ 1954 ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਸੰਗਠਨ ਕਰਨ ਵਾਲਿਆਂ ਵਿੱਚ ਉਹ ਵੀ ਆਗੂ ਵਜੋਂ ਸ਼ਾਮਲ ਸਨ। ਉਦੋਂ ਉਹ ਜਲੰਧਰ ਰਹਿੰਦੇ ਸਨ।

1986 ਵਿੱਚ ਇਪਟਾ ਲਹਿਰ ਦੀ ਗੋਲਡਨ ਜੁਬਲੀ ਵੇਲੇ ਪੰਜਾਬੀ ਭਵਨ ਲੁਧਿਆਣਾ ਦੇ ਬਲਰਾਜ ਸਾਹਨੀ ਓਪਨ ਏਅਰ ਥੀਏਟਰ ਵਿੱਚ ਤੇਰਾ ਸਿੰਘ ਚੰਨ ਤੇ ਅਮਰਜੀਤ ਗੁਰਦਾਸਪੁਰੀ ਜੀ ਦੇ ਇਕੱਠਿਆਂ ਦਰਸ਼ਨ ਕੀਤੇ। ਮਨ ਧੰਨ ਧੰਨ ਹੋ ਗਿਆ।

ਚੰਨ ਜੀ ਕੌਣ ਤੇ ਕਿੱਥੋਂ ਸਨ, ਵਿਕੀਪੀਡੀਆ ਮੂੰਹੋਂ ਸੁਣੋ।

ਤੇਰਾ ਸਿੰਘ ਚੰਨ' ਜੀ ਦਾ ਜਨਮ 6 ਜਨਵਰੀ 1921 ਨੂੰ ਹੋਇਆ ਤੇ 9 ਜੁਲਾਈ 2009 ਨੂੰ ਆਖਰੀ ਫਤਹਿ ਬੁਲਾ ਗਏ।

ਉਹ ਪੰਜਾਬੀ ਸੱਭਿਆਚਾਰ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਲੇਖਕ,ਅਨੁਵਾਦਕ ਅਤੇ ਕਮਿਊਨਿਸਟ ਕਾਰਕੁਨ ਸਨ। ਉਹ ਲੋਕ ਲਹਿਰਾਂ ਵਿੱਚ ਹਰਮਨਪਿਆਰੇ ਹੋਏ ਕਈ ਅਮਰ ਗੀਤਾਂ ਦੇ ਲੇਖਕ ਸਨ।

ਤੇਰਾ ਸਿੰਘ ਚੰਨ ਦਾ ਪਿੰਡ
ਬਿਲਾਵਲ, ਤਹਿਸੀਲ ਫਤਿਹ ਜੰਗ, ਜ਼ਿਲ੍ਹਾ ਕੈਂਬਲਪੁਰ (ਹੁਣ ਪਾਕਿਸਤਾਨ) ਸੀ।
ਉਨ੍ਹਾਂ ਦਾ ਜਨਮ ਸਥਾਨ ਵਾਲਾ
ਪਿੰਡ ਬਿਲਾਵਲ ਤਿੰਨ ਪਾਸਿਓਂ ਸੁਹਾਂ ਨਦੀ ਦੇ ਕਲ-ਕਲ ਕਰਦੇ ਸ਼ੀਤਲ ਜਲ ਨਾਲ ਘਿਰਿਆ ਕੁਦਰਤੀ ਖੂਬਸੂਰਤੀ ਨਾਲ ਲਬਰੇਜ਼ ਸੀ।
ਇਸੇ ਸੁਹਾਂ ਬਾਰੇ ਹੀ ਤਾਂ ਪ੍ਰੋ. ਮੋਹਨ ਸਿੰਘ ਲਿਖਦੇ ਹਨ, ਸੀਸ ਨੂੰ ਕਦੇ ਮੁਹੰਮਦ ਸਦੀਕ ਨੇ ਗਾਇਆ ਸੀ

ਬੈਠ ਸੁਹਾਂ ਦੀ ਉੱਚੀ ਕੰਧੀ
ਹੋਸ਼ ਨਾ ਰਹਿੰਦੀ ਦੁਨੀਆਂ ਸੰਦੀ
ਮੁੜ ਮੁੜ ਯਾਦਾਂ ਆਵਣ
ਪਿਆਰੀ ਤੇਰੀਆਂ।

ਚੰਨ ਜੀ ਦੇ ਜਨਮ ਤੋਂ ਪਹਿਲਾਂ ਉਨ੍ਹਾਂ ਦੇ ਪਰਿਵਾਰ ਵਿੱਚ ਕੋਈ ਬੱਚਾ ਬਚਦਾ ਨਹੀਂ ਸੀ।

ਇਸ ਲਈ ਮਾਂ ਬਾਪ ਨੇ ਸਤਿਗੁਰ ਦੇ ਸ਼ੁਕਰਾਨੇ ਵਜੋਂ ਉਹਨਾਂ ਦਾ ਨਾਂ 'ਤੇਰਾ' ਭਾਵ ਸਤਿਗੁਰ ਦਾ ਕਹਿ ਕੇ ਹੀ ਤੇਰਾ ਸਿੰਘ ਰੱਖਿਆ। ਬਚਪਨ ਤੋਂ ਹੀ ਸੁੰਦਰ ਦਿੱਖ ਦਾ ਮਾਲਕ ਹੋਣ ਕਾਰਨ ਵੀ ਮਾਂ ਉਹਨਾਂ ਨੂੰ 'ਚੰਨ ਪੁੱਤ' ਕਹਿ ਕੇ ਬੁਲਾਉਂਦੀ ਸੀ ਤੇ ਮਾਂ ਦਾ ਸੁਘੜ ਸਿਆਣਾ ਪੁੱਤ ਝੱਟ ਪੱਟ ਮਾਂ ਦੀ ਤਾਬਿਆ ਵਿੱਚ ਹਾਜ਼ਰ ਹੋ ਜਾਂਦਾ ਸੀ। ਇੰਜ ਬਚਪਨ ਵਿੱਚ ਹੀ ਮਾਂ ਵੱਲੋਂ ਉਹਨਾਂ ਨੂੰ ਚੰਨ ਕਹਿਣ ਤੇ ਉਹਨਾਂ ਦੇ ਨਾਂ ਨਾਲ 'ਚੰਨ' ਜੁੜ ਗਿਆ ਪਰ ਮਾਂ ਦਾ ਸੁੱਖ ਚੰਨ ਜੀ ਦੇ ਹਿੱਸੇ ਜ਼ਿਆਦਾ ਦੇਰ ਨਾ ਰਿਹਾ ਤੇ ਉਹਨਾਂ ਦੀ ਮਾਤਾ ਉਹਨਾਂ ਨੂੰ ਬਿਲਾਵਲ ਵਿੱਚ ਹੀ ਬਚਪਨ ਦੀ ਅਣਭੋਲ ਉਮਰੇ ਵਿਲਕਦੇ ਛੱਡ ਅਕਾਲ ਚਲਾਣਾ ਕਰ ਗਈ।

ਤੇਰਾ ਸਿੰਘ ਚੰਨ ਦੇ ਬਾਬਾ ਜੀ ਤੇ ਪਿਤਾ ਜੀ ਪਹਿਲਾਂ ਚੂਹੜਕਾਣਾ ਨੇੜੇ ਸੱਚਾ ਸੌਦਾ ਗੁਰਦੁਆਰਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ ਵਿੱਚ ਰਹਿੰਦੇ ਸਨ ,ਜਿਥੇ ਚੰਨ ਜੀ ਨੇ ਮੁੱਢਲੀ ਸਕੂਲੀ ਵਿਦਿਆ ਪਾਈ। ਫੇਰ ਉਹ ਅੰਮ੍ਰਿਤਸਰ ਆ ਕੇ ਫੁੱਫੜ ਸਰਦਾਰ ਸਰੂਪ ਸਿੰਘ ਕੋਲ ਰਹਿਣ ਲੱਗੇ ਤੇ ਉਹਨਾਂ ਨੂੰ ਸੁਘੜ ਸਿਆਣੀ ਭੂਆ ਭਾਗਵੰਤੀ ਤੋਂ ਮਾਂ ਵਰਗਾ ਪਿਆਰ ਮਿਲਿਆ। ਉਹਨਾਂ ਦੇ ਪਿਤਾ ਪਿੰਡਾਂ ਵਿੱਚ ਭਾਂਡੇ ਤੇ ਕੱਪੜੇ ਵੇਚਣ ਜਾਂਦੇ ਤਾਂ ਬਹੁਤ ਦਿਨਾਂ ਪਿੱਛੋਂ ਘਰ ਪਰਤਦੇ।

ਉਹਨਾਂ ਦੇ ਫੁੱਫੜ ਅਕਾਲੀ ਨੇਤਾ ਕਰਮ ਸਿੰਘ ਗੰਗਵਾਲ ਤੇ ਥੇਦਾਰ ਤੇਜਾ ਸਿੰਘ ਚੂਹੜਕਾਣਾ ਦੀ ਅਗਵਾਈ ਵਿੱਚ ਅੰਗਰੇਜ਼ ਸਰਕਾਰ ਖ਼ਿਲਾਫ ਜੰਗ-ਏ-ਆਜ਼ਾਦੀ ਲੜ ਰਹੇ ਸੀ। ਅੰਗਰੇਜ਼ੀ ਕੱਪੜਿਆਂ ਦਾ ਤਿਆਗ ਕਰਨਾ, ਕੱਪੜੇ ਸਾੜਨਾ ਸ਼ਾਮਲ ਸੀ।

1919 ਵਿਸਾਖੀ ਵੇਲੇ ਵਾਪਰਿਆ ਜਲ੍ਹਿਆਂਵਾਲੇ ਬਾਗ ਦਾ ਸਾਕਾ ਭਾਵੇਂ ਜਨਮ ਤੋਂ ਪਹਿਲਾਂ ਵਾਪਰ ਚੁੱਕਾ ਸੀ ਪਰ ਬਚਪਨ ਵਿੱਚ ਇਸ ਬਾਰੇ ਸੁਣਿਆ ਵੇਰਵਾ ਚੰਨ ਜੀ ਦੇ ਸੰਵੇਦਨਸ਼ੀਲ ਤੇ ਕੋਮਲ ਹਿਰਦੇ ਉੱਤੇ ਬਹੁਤ ਗਹਿਰਾ ਅਸਰ ਕਰ ਗਿਆ ਤੇ ਉਹ ਵੀ ਜੰਗ-ਏ-ਆਜ਼ਾਦੀ ਵਿੱਚ ਸ਼ਾਮਲ ਹੋ ਗਏ।

ਚੰਨ ਜੀ ਨੇ ਬਚਪਨ ਵਿੱਚ ਵੇਖਿਆ ਸੀ ਕਿ ਪਿੰਡ ਬਿਲਾਵਲ ਵਿੱਚ ਸੁਹਾਂ ਸੁਹਾਂ ਕੰਢੇ ਰੇਤ ਦੇ ਟਿੱਬਿਆਂ ਉਤੇ-ਢੱਕੀ ਉੱਤੇ ਖੇਡਾਂ ਹੁੰਦੀਆਂ। ਨਾਚ, ਗਾਣੇ ਅਤੇ ਨਾਟ ਹੁੰਦੇ। ਸੱਸੀ ਪੁਨੂੰ, ਹੀਰ ਰਾਂਝਾ ਅਤੇ ਹੋਰਨਾਂ ਲੋਕ ਗਾਥਾਵਾਂ ਉੱਤੇ ਅਧਾਰਤ ਨਾਟਕ ਜਾਂ ਕਾਵਿ ਓਪੇਰੇ ਖੇਡੇ ਜਾਂਦੇ। ਪੁੰਨ੍ਹ ਦੇ ਰੋਲ ਵਾਲਾ ਕਲਾਕਾਰ ਊਠ ਉੱਤੇ ਬੈਠ ਕੇ ਹੀ ਅਦਾਕਾਰੀ ਕਰਦਾ ਉਚੀ ਹੇਕ ਲਾ ਕੇ ਗੀਤ ਗਾਉਂਦਾ। ਕਲਾਕਾਰ ਹੀਰ ਗਾਉਂਦਾ ਜੋ ਦੂਰ ਦੂਰ ਤੱਕ ਸੁਣਾਈ ਦਿੰਦੀ। ਇਨ੍ਹਾਂ ਲੋਕ ਗੀਤਾਂ, ਨਾਟਕਾਂ, ਸਾਂਗਾਂ ਤੇ ਨਾਚਾਂ ਨੇ ਉਹਨਾਂ ਦੇ ਮਨ ਵਿੱਚ ਘਰ ਕਰ ਲਿਆ ਤੇ ਉਹ ਵੀ ਸਾਹਿਤ ਵੱਲ ਪ੍ਰੇਰਿਤ ਹੋਏ। ਉਹਨਾਂ ਕਵਿਤਾ ਦੀ ਐਸੀ ਬਾਂਹ ਫੜੀ ਕਿ ਸਾਹਿਤ ਖੇਤਰ ਵਿੱਚ ਅਮਿੱਟ ਛਾਪ ਛੱਡਦੇ ਹੋਏ ਸਦੀਵੀ ਗੌਲਣਯੋਗ ਤੇ ਮਹੱਤਵਪੂਰਨ ਕਵਿਤਾਵਾਂ, ਗ਼ਜ਼ਲਾਂ, ਓਪੇਰੇ, ਨਾਟਕ ਗੀਤ ਤੇ ਨਾਟਕ ਲਿਖੇ ਤੇ ਸਾਹਿਤਕ ਖੇਤਰ ਵਿੱਚ ਨਿੱਗਰ ਹਾਜ਼ਰੀ ਲਵਾਈ।

ਉਹਨਾਂ ਦੀਆਂ ਕਾਵਿ ਰਚਨਾਵਾਂ ਵਿੱਚ ਸਿਸਕੀਆਂ (1943, ਦੇਵ ਦੀਪਕ ਮੰਡਲ ਨੇ ਹਮਦਰਦ ਸਟੀਮ ਪ੍ਰੈਸ ਰਾਵਲਪਿੰਡੀ ਤੋਂ ਛਪਵਾਈ। ਜੈ ਹਿੰਦ 1945 ਵਿੱਚ ਤੇ ਸਮੇਂ ਸਮੇਂ ਦੀਆਂ ਗੱਲਾਂ 1954 ਵਿੱਚ ਮੀਤ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਨੇ ਛਾਪੀ।

ਕਾਗ ਸਮੇਂ ਦਾ ਬੋਲਿਆ 1995, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ ਵੱਲੋਂ ਸ, ਗੁਰਸ਼ਰਨ ਸਿੰਘ ਦੀ ਨੇ ਛਾਪੀ। ਇਸ ਨੂੰ ਉਨ੍ਹਾਂ ਦੇ ਦਾਮਾਦ ਡਾ. ਰਘਬੀਰ ਸਿੰਘ ਸਿਰਜਣਾ ਨੇ ਸੰਪਾਦਿਤ ਕੀਤਾ। ਉਨ੍ਹਾਂ ਦੀਆਂ ਨਾਟ ਰਚਨਾਵਾਂ ਵਿੱਚ ਅਮਰ ਪੰਜਾਬ,ਸਾਂਝਾ ਵਿਹੜਾ ਲੱਕੜ ਦੀ ਲੱਤ ਪ੍ਰਮੁੱਖ ਹਨ।

ਲੱਕੜ ਦੀ ਲੱਤ' ਅਜਿਹੇ ਸੈਨਿਕਾਂ ਦੇ ਦੁੱਖੜਿਆ ਬਾਰੇ ਹੈ ਜਿਹਨਾਂ ਨੇ ਜੰਗ ਦੇ ਮੁਹਾਜ਼ ਤੇ ਆਪਣੀਆਂ ਲੱਤਾਂ ਬਾਹਾਂ ਗੁਆ ਲਈਆਂ ਸਨ।

ਤੇਰਾ ਸਿੰਘ ਚੰਨ ਜੀ ਬਾਰੇ ਹੋਰ ਵਧੇਰੇ ਜਾਨਣ ਲਈ ਪੰਜਾਬੀ ਸਾਹਿੱਤ ਅਕਾਦਮੀ, ਪੰਜਾਬੀ ਭਵਨ, ਲੁਧਿਆਣਾ ਵੱਲੋਂ ਉਨ੍ਹਾਂ ਦੀ ਜਨਮ ਸ਼ਤਾਬਦੀ ਵੇਲੇ ਪ੍ਰਕਾਸ਼ਿਤ ਪੁਸਤਕ ਨੂੰ ਪੜ੍ਹ ਸਕਦੇ ਹੋ।

ਵੰਨਗੀ ਮਾਤਰ ਉਨ੍ਹਾਂ ਦੀਆਂ ਦੋ ਲਿਖਤਾਂ ਪੇਸ਼ ਹਨ।
1.

ਹੇ ਪਿਆਰੀ ਭਾਰਤ ਮਾਂ
ਹੇ ਪਿਆਰੀ ਭਾਰਤ ਮਾਂ,
ਅਸੀਂ ਤੈਨੂੰ ਸੀਸ ਨਿਵਾਂਦੇ ਹਾਂ
ਤੇਰੇ ਤੋਂ ਸਦਕੇ ਜਾਂਦੇ ਹਾਂ ।
ਸਾਨੂੰ ਲੋਰੀਆਂ ਦਿੱਤੀਆਂ ਮਾਂ,
ਤੇਰੇ ਗਿੱਧਿਆਂ ਦੀ ਬੋਲੀ ਨੇ।
ਸਾਨੂੰ ਹੱਸਣਾ ਦੱਸਿਆ ਮਾਂ,
ਤੇਰੇ ਭੰਗੜੇ ਦੀ ਟੋਲੀ ਨੇ ।
ਅਸੀਂ ਡਿੱਗ ਡਿੱਗ ਹੋਏ ਜਵਾਨ,
ਨਾ ਸਮਝੇ ਸਾਨੂੰ ਕੋਈ ਨਾਦਾਨ,
ਅਗਾਂਹ ਨੂੰ ਕਦਮ ਵਧਾਂਦੇ ਹਾਂ ।

ਸਾਨੂੰ ਟੁਰਨਾ ਦੱਸਿਆ ਮਾਂ,
ਤੇਰੇ ਵਗਦੇ ਦਰਿਆਵਾਂ ਨੇ।
ਸਾਨੂੰ ਨੱਚਣਾ ਦੱਸਿਆ ਮਾਂ,
ਲਹਿਰਾਂ ਦੀਆਂ ਸ਼ੋਖ ਅਦਾਵਾਂ ਨੇ।
ਤੇਰੀ ਮਿੱਠੜੀ ਮਸਤ ਹਵਾ,
ਸਾਨੂੰ ਅਰਸ਼ੀਂ ਦਏ ਪੁਚਾ,
ਸੁਰਗ ਨੂੰ ਕੋਲ ਬੁਲਾਂਦੇ ਹਾਂ ।

ਸਾਨੂੰ ਹਿੰਮਤ ਦਿੱਤੀ ਮਾਂ,
ਤੇਰੇ ਇਸ ਉੱਚ ਹਿਮਾਲੇ ਨੇ।
ਸਾਨੂੰ ਦਿੱਤਾ ਸੱਚ ਨਿਆਂ,
ਗੰਗਾ ਦੇ ਇੱਕ ਉਛਾਲੇ ਨੇ।
ਤੇਰੇ ਹਰੇ-ਭਰੇ ਨੇ ਖੇਤ,
ਕਿ ਤੇਰੀ ਸੋਨੇ ਵਰਗੀ ਰੇਤ

ਮੱਥੇ 'ਤੇ ਧੂੜੀ ਲਾਂਦੇ ਹਾਂ ।
ਸਾਨੂੰ ਜਿਉਣਾ ਦੱਸਿਆ ਮਾਂ,
ਤੇਰੀਆਂ ਮਸਤ ਬਹਾਰਾਂ ਨੇ।
ਸਾਨੂੰ ਮਰਨਾ ਦੱਸਿਆ ਮਾਂ,
ਭਗਤ ਸਿੰਘ ਜਹੇ ਸਰਦਾਰਾਂ ਨੇ।
ਸਾਨੂੰ ਬੁੱਧ ਵਰਗੇ ਭਗਵਾਨ,
ਤੇ ਸਾਡੇ ਗਾਂਧੀ ਜਹੇ ਇਨਸਾਨ
ਉਹਨਾਂ ਤੋਂ ਸਿੱਖਿਆ ਪਾਂਦੇ ਹਾਂ ।

ਅਸੀਂ ਸਹੁੰ ਖਾਂਦੇ ਹਾਂ ਮਾਂ,
ਭਗਤ ਸਿੰਘ ਦੀ ਕੁਰਬਾਨੀ ਦੀ।
ਅਸੀਂ ਸਹੁੰ ਖਾਂਦੇ ਹਾਂ ਮਾਂ,
ਤੇਰੀ ਝਾਂਸੀ ਦੀ ਰਾਣੀ ਦੀ।
ਵੱਲ ਤੇਰੇ ਜਿਹੜਾ ਤੱਕੇਗਾ,
ਉਹ ਸਾਥੋਂ ਬਚ ਨਹੀਂ ਸਕੇਗਾ,
ਅਸੀਂ ਇਹ ਕਸਮਾਂ ਖਾਂਦੇ ਹਾਂ ।
2.
ਕਾਗ ਸਮੇਂ ਦਾ ਬੋਲਿਆ

ਕਾਗ ਸਮੇਂ ਦਾ ਬੋਲਿਆ
ਅਮਨਾਂ ਦੀ ਬੋਲੀ।
ਮਾਖਿਓਂ ਵਰਗੀ ਮਸਤੀ
ਜਿਸ ਕਣ-ਕਣ ਵਿੱਚ ਘੋਲੀ।

ਸ਼ੁੱਧ ਕੁੰਦਨ ਦੇ ਵਿਚ ਨੀ ਇਹਦੀ ਚੁੰਝ ਮੜ੍ਹਾਵੋ।
ਮੋਰ ਤੇ ਤਿੱਤਰ ਇਹਦਿਆਂ ਖੰਭਾਂ 'ਤੇ ਪਾਵੋ।
ਬੰਨ੍ਹੋ ਨੀ ਇਹਦੇ ਪਹੁੰਚਿਆਂ ਵਿਚ ਕੋਈ ਰੱਤੀ ਮੌਲੀ।

ਪਾਵੋ ਨੀ ਇਹਦਿਆਂ ਨੈਣਾਂ ਵਿਚ ਕੋਈ ਸੁਰਮ ਸਲਾਈਆਂ।
ਧਰਤੀ ਉਤੇ ਏਸ ਨੇ ਮਿਹਰਾਂ ਬਰਸਾਈਆਂ।
ਜਿਵੇਂ ਫੁਲੇਰਾ ਉਲਟ ਦਏ
ਫੁੱਲਾਂ ਦੀ ਝੋਲੀ।

ਦੇਸ ਦੇਸ ਵਿਚ ਦਿੱਤਾ ਨੀ
ਇਸ ਅਮਨ ਸੁਨੇਹਾ।
ਮੂੰਹ ਲੋਕਾਂ ਦਾ ਲਿਸ਼ਕਿਆ
ਸੁਣ ਸੋਨੇ ਜੇਹਾ।
ਪਿੱਤਲ ਵਰਗੀ ਹੋ ਗਈ ਲਹੂ ਪੀਣੀ ਟੋਲੀ।

ਕੱਢ ਲਿਆਵੋ ਅੰਦਰੋਂ ਨੀ ਮੱਖਣਾਂ ਦੇ ਪੇੜੇ।
ਕੁੱਟ-ਕੁੱਟ ਪਾਵੋ ਚੂਰੀਆਂ ਨੀ ਇਹ ਪੰਧ ਨਬੇੜੇ।
ਝਬਦੇ ਲਿਆਵੋ ਧਰਤ 'ਤੇ ਸ਼ਗਨਾਂ ਦੀ ਡੋਲੀ।

ਪਾ ਲਏ ਅੰਦਰੋਂ ਕੱਢ ਕੇ ਵਿਧਵਾ ਨੇ ਗਹਿਣੇ।
ਖੁਸ਼ ਹੈ ਹੁਣ ਨਹੀਂ ਕਦੇ ਵੀ ਤਨ ਉਤੋਂ ਲਹਿਣੇ।
ਵਰੀ ਸੂਹੀ ਦੀ ਪੋਟਲੀ

ਉਸ ਵਿਹੜੇ ਵਿਚ ਖੋਲ੍ਹੀ।
ਫੜ ਲਈ ਬੁੱਢੇ ਪਿਓ ਨੇ ਹੱਥ ਫੇਰ ਡੰਗੋਰੀ।
ਹੁਣ ਨਹੀਂ ਹੋਣੀ ਕਦੇ ਵੀ ਇਹ ਪੋਰੀ ਪੋਰੀ।
ਪਿੱਪਲਾਂ ਥੱਲੇ ਨੱਚ ਪਈ ਗਿੱਧੇ ਦੀ ਬੋਲੀ।

ਪਲਕਾਂ ਨਾਲ ਜਹਾਨ ਦੀ ਇਸ ਕਾਲਖ ਚੁੱਗੀ।
ਇਸ ਦੀ ਨਜ਼ਰੋਂ ਰਹੀ ਨਾ ਇਕ ਵਿਥ ਵੀ ਲੁੱਗੀ।
ਟੁਰ ਟੁਰ ਪੱਬਾਂ ਭਾਰ ਏਸ ਹਰ ਨੁੱਕਰ ਫੋਲੀ।
ਕਾਗ ਸਮੇਂ ਦਾ ਬੋਲਿਆ
ਅਮਨਾਂ ਦੀ ਬੋਲੀ।